**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**
**(ਕਾਰਜ਼ ਸੰਚਾਲਨ)**

**ਨੰ:ਪਸਸਬ-ਸ.ਸ-ਕਸ-2026/**2665
**ਮਿਤੀ:** 16-1-2026

ਵੱਲ:

1. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਮੁੱਖ ਅਧਿਆਪਕਾ/
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),
3. ਸਮੂਹ ਐਕਸਟਰਨਲ ਪਰੀਖਿਅਕ,
   ਪੰਜਾਬ ਰਾਜ।

**ਦਸਵੀਂ ਅਤੇ ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

.................................................................................................................................

ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਮਿਤੀ 24-12-2025 ਅਤੇ ਮਿਤੀ 07-01-2026 ਨੂੰ ਜਾਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਪਰੀਖਿਆ ਦੇ ਸੰਚਾਲਨ ਸਬੰਧੀ ਹੇਠ ਲਿਖਿਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

*********

1. ਸਬੰਧਤ ਸਕੂਲ ਮੁੱਖੀਆਂ ਵੱਲੋਂ ਲੈਬ ਦੀ ਸਮਰੱਥਾ/ਸੁਵਿੱਧਾ ਅਨੁਸਾਰ ਪਰੀਖਿਆਰਥੀਆਂ ਦੇ ਗੁਰੱਪ ਬਣਾ ਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇ।
2. ਆਨਲਾਈਨ ਪ੍ਰਸ਼ਨ ਪੱਤਰ ਡਾਊਨਲੋਡ ਕਰਨ ਸਬੰਧੀ **ਵੈਬਸਾਈਟ (daqap.pseb.ac.in)** ਤੇ Video ਧਿਆਨ ਨਾਲ ਦੇਖ ਲਈ ਜਾਵੇ ਤਾਂ ਜੋ ਪ੍ਰਸ਼ਨ ਪੱਤਰ ਡਾਊਨਲੋਡ ਕਰਨ ਵਿੱਚ ਮੁਸ਼ਕਿਲ ਨਾ ਆਵੇ।
3. ਸਕੂਲ ਮੁੱਖੀਆਂ ਦੇ ਰਜਿਸਟਡ ਮੋਬਾਇਲ ਨੰਬਰਾਂ ਤੇ ਐਸ.ਐਮ.ਐਸ ਅਤੇ ਈ.ਮੇਲ ਰਾਹੀਂ ਆਨ ਲਾਈਨ ਪ੍ਰਸ਼ਨ ਪੱਤਰ ਦਾ ਲਿੰਕ ਭੇਜਿਆ ਜਾਵੇਗਾ।
4. ਦਫਤਰ ਵੱਲੋਂ ਫਿਜੀਕਸ , ਕਮਿਸਟਰੀ, ਬਾਇਉਲੋਜੀ, ਅਕਾਊਟੈਂਸੀ-2, ਫੰਡਾਮੈਟਲਜ਼ ਆਫ ਈ ਬਿਜ਼ਨਸ , ਕੰਪਿਊਟਰ ਸਾਇੰਸ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਵੀ ਸਬੰਧਤ ਵਿਦਿਆਰਥੀਆਂ ਦੇ Self ਸੈਟਰਾਂ ਵਿੱਚ ਹੀ ਕਰਵਾਈ ਜਾਵੇਗੀ । ਇਹ ਪਰੀਖਿਆ ਐਕਸਟਰਨਲ ਪਰੀਖਿਅਕਾਂ ਵੱਲੋਂ ਲਈ ਜਾਵੇਗੀ, ਇਹਨਾਂ ਵਿਸ਼ਿਆ ਦੇ ਪ੍ਰਸ਼ਨ ਪੱਤਰ ਆਨ ਲਾਈਨ ਵਿੱਧੀ ਰਾਹੀ ਡੇਟ ਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਸਕੂਲ ਲਾਗਇੰਨ ਪੋਰਟਲ ਤੇ ਭੇਜੇ ਜਾਣਗੇ। ਕੇਵਲ ਇਹਨਾਂ ਵਿਸ਼ਿਆ ਦੀ ਪਰੀਖਿਆ ਕਰਵਾਉਣ ਲਈ ਲੋੜੀਂਦੀਆਂ ਉੱਤਰ ਪੱਤਰੀਆਂ ਸਮੇਂ ਸਿਰ ਖੇਤਰੀ ਦਫਤਰ ਤੋਂ ਪ੍ਰਾਪਤ ਕਰ ਲਈਆਂ ਜਾਣ। ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਕੂਲ ਪੱਧਰ ਤੇ ਹੀ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।ਇਸ ਪਰੀਖਿਆ ਸਬੰਧੀ ਪ੍ਰੀਖਿਅਕ ਲਈ ਹਦਾਇਤਾਂ ਵੀ ਆਨਲਾਈਨ ਪੋਰਟਲ ਤੇ ਅਪਲੋਡ ਕੀਤੀਆਂ ਜਾਣਗੀਆਂ । ਸਮੂਹ ਸਕੂਲ ਮੁੱਖੀ ਗੁਰੱਪ ਵਾਈਜ਼ /ਵਿਸ਼ੇ ਵਾਈਜ਼ ਇਹ ਹਦਾਇਤਾਂ ਪ੍ਰੀਖਿਅਕ ਨੂੰ ਪਰੀਖਿਆ ਵਾਲੇ ਦਿਨ ਪਰੀਖਿਆ ਸੁਰੂ ਹੋਣ ਤੋਂ ਪਹਿਲਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਉਣਗੇ।

16/1/26

ਸਹਾਇਕ ਸਕੱਤਰ (ਕਾਰਜ਼ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner